# ਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਸੰਗਰੂਰ

## ਖੁੱਲੀ ਬੋਲੀ ਨੋਟਿਸ ਮਿਤੀ 27.10.2023

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਆਰ.ਟੀ.ਸੀ.,ਸੰਗਰੂਰ ਡਿੱਪੂ ਅਧੀਨ ਆਉਣ ਵਾਲੇ ਬੱਸ ਸਟੈਂਡਾਂ ਉੱਪਰ ਦੁਕਾਨਾਂ/ਰੈਸਟੋਰੈਂਟ ਅਤੇ ਸਾਇਕਲ ਸਟੈਂਡ ਦੀ ਬੋਲੀ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰਬਰ | ਬੱਸ ਸਟੈਂਡ (1) | ਮੰਤਵ (2) | ਮਿਤੀ (3) | ਸਮਾਂ (4) | ਐਂਟਰੀ ਫੀਸ ਨਾ ਮੋੜਨਯੋਗ (5) | ਅਰਨਸਟ ਮਨੀ ਪ੍ਰਤੀ ਦੁਕਾਨ ਮੋੜਨਯੋਗ (6) |
|---|---|---|---|---|---|---|
| 01 | ਸੰਗਰੂਰ | ਦੁਕਾਨ | 27.10.2023 | 11 ਵਜੇ ਸਵੇਰੇ | 100/- | 10,000/- |
| 02 | ਸੰਗਰੂਰ | ਰੈਸਟੋਰੈਂਟ | 27.10.2023 | 11 ਵਜੇ ਸਵੇਰੇ | 100/- | 50,000/- |
| 03 | ਅਹਿਮਦਗੜ | ਦੁਕਾਨ ਨੰਬਰ 02 ਤੋਂ 05 | 27.10.2023 | 11 ਵਜੇ ਸਵੇਰੇ | 100/- | 10,000/- |
| 04 | ਅਹਿਮਦਗੜ | ਸਾਇਕਲ ਸਟੈਂਡ | 27.10.2023 | 11 ਵਜੇ ਸਵੇਰੇ | 100/- | 50,000/- |
| 05 | ਮੂਣਕ | ਦੁਕਾਨ ਨੰਬਰ 01 ਤੋਂ 07 | 27.10.2023 | 11 ਵਜੇ ਸਵੇਰੇ | 100/- | 10,000/- |

ਓਪਰੋਕਤ ਅਨੁਸਾਰ ਦੁਕਾਨਾਂ ਅਤੇ ਰੈਸਟੋਰੈਂਟ ਦੀ ਬੋਲੀ ਦੀ ਐਂਟਰੀ ਫੀਸ ਦੀ ਪਰਚੀ ਕੱਟਣ ਦਾ ਸਮਾਂ ਸਵੇਰੇ 9:30 ਤੋਂ 10:30 ਤੱਕ ਦਾ ਹੋਵੇਗਾ। ਚਾਹਵਾਨ ਬੋਲੀਕਾਰ ਇਸ ਬੋਲੀ ਵਿੱਚ ਹਿੱਸਾ ਲੈਣ ਲਈ ਐਂਟਰੀ ਫੀਸ (ਖਾਨਾ ਨੰਬਰ 05 ਜੋ ਨਾ ਮੋੜਨਯੋਗ ਹੈ) ਅਤੇ ਅਰਨਸਟ ਮਨੀ ਬਤੌਰ ਬਿਆਨੇ ਦੀ ਰਕਮ (ਖਾਨਾ ਨੰਬਰ 06 ਮੋੜਨਯੋਗ) ਜਮਾਂ ਕਰਵਾ ਕੇ ਹਿੱਸਾ ਲੈ ਸਕਦੇ ਹਨ। ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਮੁੱਖ ਦਫਤਰ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਇਕ ਹਫਤੇ ਵਿੱਚ ਦੁਕਾਨਾ/ਰੈਸਟੋਰੈਂਟ ਦਾ ਕਬਜਾ ਲੈਣ ਤੋਂ ਪਹਿਲਾਂ ਤਿੰਨ ਮਹੀਨੇ ਦੀ ਲਾਇਸੈਂਸ ਫੀਸ ਸਮੇਤ ਟੈਕਸ+ਪਾਣੀ/ਬਿਜਲੀ ਦੇ ਖਰਚੇ ਬਰਾਬਰ ਦੀ ਰਕਮ ਬਤੌਰ ਸਕਿਓਰਟੀ ਜਮਾਂ ਕਰਵਉਣੀ ਹੋਵੇਗੀ। ਸਭ ਤੋਂ ਵੱਧ ਬੋਲੀ ਦੇਣ ਵਾਲੇ/ਸਫਲ ਬੋਲੀਕਾਰ ਨੂੰ ਦੁਕਾਨ ਦਾ ਕਬਜਾ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ 11 ਮਹੀਨਿਆਂ ਲਈ ਦਿੱਤਾ ਜਾਵੇਗਾ। ਸਫਲ ਬੋਲੀਕਾਰ ਨਾਲ ਕੀਤਾ ਹੋਇਆ ਇਕਰਾਰਨਾਮਾ ਪਹਿਲੀ ਧਿਰ ਭਾਵ ਜੀ.ਐਮ ਪੀ.ਆਰ.ਟੀ.ਸੀ ਸੰਗਰੂਰ ਕਿਸੇ ਸਮੇਂ ਵੀ ਇਕ ਮਹੀਨੇ ਦਾ ਨੋਟਿਸ ਲਾਇਸੈਂਸੀ ਨੂੰ ਦੇ ਕੇ ਦੁਕਾਨ/ਰੈਸਟੋਰੈਂਟ ਖਾਲੀ ਕਰਵਾ ਸਕਦਾ ਹੈ।

ਇਸ ਬੋਲੀ ਸਬੰਧੀ ਸ਼ਰਤਾਂ ਮੌਕੇ ਉੱਪਰ ਸੁਣਾਈਆਂ ਜਾਣਗੀਆਂ । ਇਸ ਤੋਂ ਇਲਾਵਾ ਇਹ ਸ਼ਰਤਾਂ ਕਿਸੇ ਵੀ ਕੰਮ ਕਾਜ ਵਾਲੇ ਦਿਨ ਆ ਕੇ ਪੀ.ਆਰ.ਟੀ.ਸੀ ਸੰਗਰੂਰ ਡਿੱਪੂ ਵਿੱਚੋਂ ਦੇਖੀਆਂ/ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਬੋਲੀ ਸਬੰਧੀ ਜਾਣਕਾਰੀ ਪੀ.ਆਰ.ਟੀ.ਸੀ ਸੰਗਰੂਰ ਡਿੱਪੂ ਦੇ ਫੋਨ ਨੰਬਰ 01672-234018 ਅਤੇ ਇਸ ਤੋਂ ਇਲਾਵਾ ਇਹ ਜਾਣਕਾਰੀ ਪੀ.ਆਰ.ਟੀ.ਸੀ ਦੀ ਵੈਬਸਾਇਟ www.pepsurtc.com ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸੰਗਰੂਰ ਬੱਸ ਉੱਪਰ ਦੁਕਾਨ ਨੰਬਰ 09 ਅਤੇ ਅਹਿਮਦਗੜ੍ਹ ਬੱਸ ਸਟੈਂਡ ਉੱਪਰ ਦੁਕਾਨ ਨੰਬਰ 02 ਅਤੇ ਮੂਣਕ ਬੱਸ ਸਟੈਂਡ ਉੱਪਰ ਦੁਕਾਨ ਨੰਬਰ 04 ਕੇਵਲ ਦਿਵਿਆਂਗ ਵਿਅਕਤੀਆਂ ਲਈ ਰਾਖਵੀਆਂ ਹਨ।

ਜਨਰਲ ਮੈਨੇਜਰ
ਪੀ.ਆਰ.ਟੀ.ਸੀ
ਸੰਗਰੂਰ

# ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਸੰਗਰੂਰ

## ਬੋਲੀ ਦੀਆਂ ਸ਼ਰਤਾਂ

1. ਹਰੇਕ ਬੋਲੀਕਾਰ ਬੋਲੀ ਵਿੱਚ ਸ਼ਾਮਿਲ ਹੋਣ ਲਈ 100/- ਰੁਪਏ ਐਂਟਰੀ ਫੀਸ ਵੱਜੋਂ ਜਮਾ ਕਰਵਾਵੇਗਾ ਜੋ ਕਿ ਨਾ ਮੋੜਣ ਯੋਗ ਹੋਵੇਗੀ। ਹਰੇਕ ਦੁਕਾਨ ਲਈ ਐਂਟਰੀ ਫੀਸ ਵੱਖਰੀ ਹੋਵੇਗੀ।
2. ਸਫਲ ਬੋਲੀਕਾਰ ਦੀ EMD ਦੀ ਰਕਮ ਕੱਚੀ ਰਸੀਦ ਉੱਪਰ ਰੱਖੀ ਜਾਵੇਗੀ ਹਰੇਕ ਦੁਕਾਨ ਲਈ EMD ਦੀ ਰਕਮ 10,000/- ਰੁਪਏ ਹੈ ਅਤੇ ਰੈਸਟੋਰੈਂਟ/ਸਾਇਕਲ ਸਟੈਂਡ ਲਈ EMD ਦੀ ਰਕਮ 50,000/- ਰੁਪਏ ਹੈ ਜੋ ਕਿ ਦੁਕਾਨ/ਸਾਇਕਲ ਸਟੈਂਡ/ ਰੈਸਟੋਰੈਂਟ ਦੀ ਪ੍ਰਵਾਨਗੀ ਹੋਣ ਉਪਰੰਤ ਸਿਕਊਰਟੀ ਦੀ ਰਕਮ ਵਿੱਚ ਅਡਜਸਟ ਕਰ ਲਈ ਜਾਵੇਗੀ। ਜੇਕਰ ਸਮੱਰਥ ਅਧਿਕਾਰੀ ਤੋਂ ਪ੍ਰਵਾਨਗੀ ਨਹੀਂ ਹੁੰਦੀ ਤਾਂ EMD ਦੀ ਰਕਮ ਬੋਲੀਕਾਰ ਨੂੰ ਵਾਪਿਸ ਕਰ ਦਿੱਤੀ ਜਾਵੇਗੀ। ਇਸ ਉੱਪਰ ਕੋਈ ਵਿਆਜ ਆਦਿ ਨਹੀਂ ਦਿੱਤਾ ਜਾਵੇਗਾ।
3. ਦੁਕਾਨ/ਸਾਇਕਲ ਸਟੈਂਡ/ ਰੈਸਟੋਰੈਂਟ ਦਾ ਕਬਜਾ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਹੋਣ ਉਪਰੰਤ ਹੀ ਦਿੱਤਾ ਜਾਵੇਗਾ ਅਤੇ ਲਾਇਸੈਂਸੀ ਪ੍ਰਵਾਨਗੀ ਹੋਣ ਉਪਰੰਤ ਇੱਕ ਹਫਤੇ ਦੇ ਅੰਦਰ ਅੰਦਰ ਸਕਿਊਰਟੀ ਦੀ ਰਕਮ ਜਮਾਂ ਕਰਵਾ ਕੇ ਕਬਜਾ ਲਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਲਾਇਸੈਂਸੀ ਦੀ EMD ਦੀ ਰਕਮ ਜਬਤ ਕਰ ਲਈ ਜਾਵੇਗੀ ਅਤੇ ਬੋਲੀ ਕੈਂਸਲ ਸਮਝੀ ਜਾਵੇਗੀ।
4. ਹਰੇਕ ਲਾਇਸੈਂਸੀ ਨੂੰ ਹਰੇਕ ਮਹੀਨੇ ਦੀ ਲਾਇਸੈਂਸ ਫੀਸ ਅਤੇ ਹੋਰ ਟੈਕਸ ਅਡਵਾਂਸ ਵਿੱਚ 5 ਤਾਰੀਖ ਤੱਕ ਦੇਣਾ ਹੋਵੇਗਾ। ਲੇਟ ਹੋਣ ਦੀ ਸੂਰਤ ਵਿੱਚ 1% ਪ੍ਰਤੀਦਿਨ ਵਿਆਜ ਵਸੂਲਿਆ ਜਾਵੇਗਾ। ਜੇਕਰ ਲਾਇਸੈਂਸੀ 15 ਦਿਨਾਂ ਤੱਕ ਲਾਇਸੈਂਸ ਫੀਸ ਸਮੇਤ ਜੁਰਮਾਨਾ ਨਹੀਂ ਜਮਾ ਕਰਵਾਉਂਦਾ ਤਾਂ ਉਸ ਨੂੰ ਬਿਨਾਂ ਨੋਟਿਸ ਦਿੱਤੇ ਉਸਦੀ ਸਿਕਊਰਟੀ ਦੀ ਰਕਮ ਜਬਤ ਕੀਤੀ ਜਾ ਸਕਦੀ ਹੈ।
5. ਐਗਰੀਮੈਂਟ 11 ਮਹੀਨਿਆਂ ਦਾ ਹੀ ਹੋਵੇਗਾ। 11 ਮਹੀਨੇ ਪੂਰੇ ਹੋਣ ਤੇ ਲਾਇਸੈਂਸੀ ਦੁਕਾਨ/ਸਾਇਕਲ ਸਟੈਂਡ/ ਰੈਸਟੋਰੈਂਟ ਆਪਣੇ ਆਪ ਖਾਲੀ ਕਰੇਗਾ। ਦੋਵੇਂ ਧਿਰਾਂ ਦੀ ਸਹਿਮਤੀ ਨਾਲ ਅਗਲੇ 11 ਮਹਿਨੀਆਂ ਲਈ ਘੱਟੋ ਘੱਟ 10% ਵਾਧੇ ਨਾਲ ਅਤੇ ਅਗਲੇ ਹੋਰ 11 ਮਹਿਨੀਆਂ ਲਈ ਘੱਟੋ ਘੱਟ 15% ਵਾਧੇ ਨਾਲ ਕੁੱਲ 33 ਮਹਿਨੀਆਂ ਤੱਕ ਐਗਰੀਮੈਂਟ ਵਿੱਚ ਵਾਧਾ ਕੀਤਾ ਜਾ ਸਕਦਾ ਹੈ।
6. ਜੇਕਰ ਜੀ.ਐਮ ਪੀ ਆਰ ਟੀ ਸੀ ਚਾਹਵੇ ਤਾਂ ਉਹ ਇੱਕ ਮਹੀਨੇ ਦਾ ਨੋਟਿਸ ਦੇ ਕੇ ਦੁਕਾਨ/ਸਾਇਕਲ ਸਟੈਂਡ/ ਰੈਸਟੋਰੈਂਟ ਖਾਲੀ ਕਰਵਾ ਸਕਦਾ ਹੈ।
7. ਸਫਲ ਬੋਲੀਕਾਰ ਨੂੰ ਕਬਜਾ ਲੈਣ ਤੋਂ ਪਹਿਲਾਂ ਸਕਿਊਰਟੀ ਦੀ ਰਕਮ ਤਿੰਨ ਮਹੀਨਿਆਂ ਦੀ ਲਾਇਸੈਂਸ ਫੀਸ, ਟੈਕਸ ਆਦਿ ਦੇ ਬਰਾਬਰ ਜਮਾ ਕਰਵਾਉਣੀ ਹੋਵੇਗੀ ਅਤੇ ਐਗਰੀਮੈਂਟ ਤਿਆਰ ਕਰਕੇ ਦੇਣਾ ਹੋਵੇਗਾ।
8. ਲਾਇਸੈਂਸੀ ਨੂੰ ਲਾਇਸੈਂਸ ਫੀਸ ਤੋਂ ਇਲਾਵਾ ਪ੍ਰੋਪਰਟੀ ਟੈਕਸ,ਜੀ ਐਸ ਟੀ ਅਤੇ ਟੀ ਸੀ ਐਸ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਮਾ ਕਰਵਾਉਣਾ ਹੋਵੇਗਾ ਅਤੇ ਬਿਜਲੀ ਪਾਣੀ ਦਾ ਖਰਚਾ ਉਕਤ ਤੋਂ ਵਖਰਾ ਹੋਵੇਗਾ।
9. ਬੋਲੀ ਨੂੰ ਕੈਂਸਲ ਕਰਨ ਦਾ ਅਧਿਕਾਰ ਜੀ.ਐਮ ਪੀ.ਆਰ.ਟੀ.ਸੀ ਸੰਗਰੂਰ ਕੋਲ ਰਾਖਵਾ ਹੋਵੇਗਾ।
10. ਦੁਕਾਨ/ਸਟਾੱਲ ਜਿਸ ਵੀ ਵਸਤੂਆਂ ਨੂੰ ਵੇਚਨ ਲਈ ਅਲਾੱਟ ਹੋਵੇਗੀ ਲਾਇਸੈਂਸੀ ਉਹੀ ਵਸਤੂਆਂ ਦੀ ਵਿਕਰੀ ਕਰੇਗਾ ਜੇਕਰ ਲਾਇਸੈਂਸੀ ਇਸ ਤੋਂ ਬਿਨਾਂ ਕੁੱਝ ਹੋਰ ਵੇਚਦਾ ਪਾਇਆ ਗਿਆ ਤਾਂ ਉਸ ਦਾ ਲਾਇਸੈਂਸ ਰੱਦ ਕਰਕੇ ਉਸਦੀ ਸਕਿਊਰਟੀ ਜਬਤ ਕਰ ਲਈ ਜਾਵੇਗੀ ਅਤੇ ਲਾਇਸੈਂਸੀ ਦੁਕਾਨ/ਸਟਾੱਲ ਉੱਪਰ ਕੋਈ ਵੀ ਗੈਰਕਾਨੂੰਨੀ ਜਾਂ ਨਸ਼ੀਲੀ ਵਸਤੂ ਦੀ ਵਿਕਰੀ ਨਹੀਂ ਕਰੇਗਾ।
11. ਸਾਇਕਲ ਸਟੈਂਡ ਦੀ ਪਰਚੀ ਮੋਟਰ ਸਾਇਕਲ ਦੀ 20/- ਰੁਪਏ ਅਤੇ ਸਾਇਕਲ ਲਈ 10/- ਰੁਪਏ ਹੋਵੇਗੀ।

12. ਬੋਲੀ ਦੌਰਾਨ ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ 1 ਅਤੇ ਬੋਲੀਕਾਰ 2 ਦੀ EMD ਦੀ ਰਕਮ ਰੱਖੀ ਜਾਵੇਗੀ। ਜੇਕਰ ਬੋਲੀਕਾਰ 1 ਦੁਕਾਨ/ਸਾਇਕਲ ਸਟੈਂਡ/ ਰੈਸਟੋਰੈਂਟ ਦਾ ਕਬਜਾ ਨਹੀਂ ਲੈਣਾ ਚਾਹੁੰਦਾ ਤਾਂ ਉਸਦੀ EMD ਦੀ ਰਕਮ ਜਬਤ ਕਰਕੇ ਬੋਲੀਕਾਰ 2 ਨੂੰ ਮੌਕਾ ਦਿੱਤਾ ਜਾਵੇਗਾ। ਜੇਕਰ ਬੋਲੀਕਾਰ 2 ਵੀ ਕਬਜਾ ਨਹੀਂ ਲੈਣਾ ਚਾਹੁੰਦਾ ਤਾਂ ਉਸਦੀ EMD ਦੀ ਰਕਮ ਵੀ ਜਬਤ ਕਰ ਲਈ ਜਾਵੇਗੀ ਦੋਵੇਂ ਬੋਲੀਕਾਰਾਂ ਨੂੰ ਬਲੈਕ ਲਿਸਟ ਕਰ ਦਿੱਤਾ ਜਾਵੇਗਾ ਅਤੇ ਮੁੜ ਬੋਲੀ ਰੱਖੀ ਜਾਵੇਗੀ।

ਸਹਾਇਕ ਕੰਟਰੋਲਰ,
ਪੀ.ਆਰ.ਟੀ.ਸੀ ਸੰਗਰੂਰ।